(i) Printed Pages : 3 Roll No. ..............................

(ii) Questions : 7

Sub. Code : | 0 | 8 | 6 | 7 |

Exam. Code : | 0 | 0 | 2 | 2 |

**Bachelor of Business Administration 2nd Semester**

**(2053)**

**PUNJABI**

**Paper–BBA 121A**

**Time Allowed : Three Hours]** **[Maximum Marks : 45**

**ਨੋਟ :–** (1) ਸਾਰੇ ਪ੍ਰਸ਼ਨ ਲਾਜਮੀ ਹਨ।

(2) ਹਰ ਇੱਕ ਪ੍ਰਸ਼ਨ ਦੇ ਸਾਰੇ ਭਾਗ ਇੱਕੋ ਜਗ੍ਹਾ ਹੱਲ ਕੀਤੇ ਜਾਣ।

1. ਹੇਠ ਦਿੱਤਿਆਂ ਵਿੱਚੋਂ ਕਿਸੇ **ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਮੈਂ ਖ਼ੂਬ ਸਮਝਦਾਂ ਹਾਂ ਗਲੀ ਹੁਣ ਸਰਪਟ ਦੌੜੇਗੀ
ਮੈਂ ਉੱਠ ਬੈਠਾਂ
ਨਹੀਂ ਤਾਂ ਮੈਂ ਚੀਣਾ ਚੀਣਾ ਹੋ ਕੇ ਡਿਗ ਡੁੱਲ ਜਾਂਵਾਂਗਾ
ਜਾਂ ਕਿਸੇ ਦੀ ਨਜ਼ਰ ਦੇ —
ਤੇਜ਼ ਤਿਮੂੰਹੇ ਕਾਂਟੇ ਵਿੱਚ ਵਿੱਝ ਜਾਂਵਾਂਗਾ
ਬੋਟੀ ਮਾਸ ਜਿਹਾ, ਨੰਗਾ, ਅੱਧ-ਕੱਚਾ
ਜਿਸ ਨੂੰ ਨਾ ਕੋਈ ਖਾਵੇਗਾ
ਨਾ ਤੇਜ਼ ਤਿਮੂੰਹੇ ਕਾਂਟੇ ਦੀ ਸੂਲੀ ਤੋਂ ਹੇਠਾਂ ਲਾਹੇਗਾ।

(ਅ) ਡਰ ਜਾਏਗੀ ਮੇਰੀ ਮਾਂ
ਮੇਰਾ ਪੁੱਤਰ ਮੇਰੇ ਤੋਂ ਵੱਡੀ ਉਮਰ ਦਾ
ਕਿਹੜੇ ਸਾਧੂ ਦਾ ਸਰਾਪ
ਕਿਸ ਸ਼ਰੀਕਣ ਚੰਦਰੀ ਦੇ ਟੂਣੇ ਟਾਮਣ ਨਾਲ ਹੋਇਆ
ਡਰ ਜਾਏਗੀ ਮੇਰੀ ਮਾਂ
ਹੁਣ ਘਰਾਂ ਨੂੰ ਪਰਤਣਾ ਚੰਗਾ ਨਹੀਂ ਹੈ
ਏਨੇ ਡੁੱਬ ਚੁੱਕੇ ਨੇ ਸੂਰਜ, ਏਨੇ ਮਰ ਚੁੱਕੇ ਖੁਦਾ
ਜਿਉਂਦੀ ਮਾਂ ਨੂੰ ਵੇਖ ਕੇ, ਆਪਣੇ ਜਾਂ ਉਸ ਦੇ
ਪ੍ਰੇਤ ਹੋਵਣ ਦਾ ਹੋਏਗਾ ਤੌਖਲਾ। 5

2. ਕਿਸੇ **ਇੱਕ** ਕਵਿਤਾ ਦਾ ਸਾਰ ਜਾਂ ਕੇਂਦਰੀ ਭਾਵ ਲਿਖੋ :

(ੳ) ਧਰਤੀ ਮਾਤਾ (ਬਾਵਾ ਬਲਵੰਤ)

(ਅ) ਕਿਸ ਪਾਸੇ ਵੱਲ ? (ਪ੍ਰੀਤਮ ਸਿੰਘ ਸਫੀਰ)

(ੲ) ਕੰਡਿਆਲੀ ਥੋਹ੍ਰ (ਸ਼ਿਵ ਕੁਮਾਰ ਬਟਾਲਵੀ)

(ਸ) ਖਤਾਂ ਦੀ ਉਡੀਕ (ਸੁਰਜੀਤ ਪਾਤਰ)। 5

3. ਕਿਸੇ **ਇੱਕ** ਕਹਾਣੀ ਦਾ ਸਾਰ ਲਿਖੋ :

(ੳ) ਸੱਗੀ ਫੁੱਲ (ਗੁਰਦਿਆਲ ਸਿੰਘ)

(ਅ) ਬਰਫ ਦਾ ਦਾਨਵ (ਜਸਵੀਰ ਭੁੱਲਰ)। 5

4. ਕਿਸੇ **ਇੱਕ** ਦਾ ਜੀਵਨ, ਰਚਨਾ ਤੇ ਯੋਗਦਾਨ ਬਾਰੇ ਲਿਖੋ :

(ੳ) ਸੁਰਜੀਤ ਪਾਤਰ

(ਅ) ਗੁਰਬਚਨ ਸਿੰਘ ਭੁੱਲਰ। 8

5. ਤੁਸੀਂ ਆਪਣੇ ਘਰ ਦਾ ਫਰਨੀਚਰ ਵੇਚਣਾ ਚਾਹੁੰਦੇ ਹੋ। ਇਸ ਸੰਬੰਧੀ ਅਖਬਾਰ ਵਿੱਚ ਦੇਣ ਲਈ ਇਸ਼ਤਿਹਾਰ ਲਿਖੋ।

**ਜਾਂ**

ਕਾਲਜ ਵਿੱਚ ਮਨਾਏ ਗਏ ਵਣ-ਮਹਾਂਉਤਸਵ ਬਾਰੇ ਪ੍ਰੈਸ ਨੋਟ ਲਿਖੋ। 8

6. ਵਿਸ਼ਰਾਮ ਚਿੰਨ੍ਹ ਲਗਾਉ :

ਰੂਹੀ ਦੀ ਆਪਣੇ ਵਿਹੜੇ ਵਿੱਚ ਲਗਾਈ ਟਾਹਲੀ ਤੇ ਜਦੋਂ ਚਿੜੀਆਂ ਨੇ ਪਹਿਲੀ ਵਾਰ ਆਲ੍ਹਣਾ ਪਾਇਆ ਤਾਂ ਉਹਨੂੰ ਲੱਗਿਆ ਜਿਵੇਂ ਉਹਦੀ ਮਰ ਚੁੱਕੀ ਮਾਂ ਮੁਸਕਰਾ ਕੇ ਉਹਨੂੰ ਕਹਿ ਰਹੀ ਹੋਵੇ ਧੀਏ ਬੜਾ ਈ ਚੰਗਾ ਕੀਤਾ ਇਨ੍ਹਾਂ ਮਸੂਮ ਪੰਛੀਆਂ ਦੀਆਂ ਚੁੱਪ-ਅਸੀਸਾਂ ਘਰ ਵਿੱਚ ਬਰਕਤਾਂ ਭਰ ਦਿੰਦੀਆਂ 6

7. ਹੇਠ ਲਿਖੇ ਸ਼ਬਦਾਂ ਵਿੱਚੋਂ **ਅੱਠ** ਦੇ ਪੰਜਾਬੀ ਰੂਪ ਲਿਖੋ :

(A) Imprest Account

(B) Joint Venture

(C) Liquidator

(D) Monetary System

(E) Notice of stoppage

(F) Profit Margin

(G) Revenue

(H) Speculation

(I) Tender

(J) Write off. 8